Punjabi | ਪੰਜਾਬੀ

Department of **Local Government, Industry Regulation and Safety**

GOVERNMENT OF WESTERN AUSTRALIA

**WorkSafe** Western Australia

# ਕੀ ਤੁਹਾਡਾ ਨਿੱਜੀ ਸੁਰੱਖਿਆ ਉਪਕਰਨ ਤੁਹਾਨੂੰ ਸੁਰੱਖਿਅਤ ਰੱਖ ਰਿਹਾ ਹੈ?

ਨਿੱਜੀ ਸੁਰੱਖਿਆ ਉਪਕਰਨ (PPE) ਤੁਹਾਨੂੰ ਕੰਮ ਵਾਲੀ ਥਾਂ 'ਤੇ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਵਿੱਚ ਮਦਦ ਕਰਦਾ ਹੈ। ਜੇਕਰ ਇਸਦੀ ਲੋੜ ਹੋਵੇ, ਤਾਂ ਤੁਹਾਡੇ ਰੁਜ਼ਗਾਰਦਾਤਾ ਲਈ ਇਹ ਤੁਹਾਨੂੰ ਮੁਹੱਈਆ ਕਰਵਾਉਣਾ ਅਤੇ ਇਹ ਯਕੀਨੀ ਬਣਾਉਣ ਲਈ ਸਿਖਲਾਈ ਦੇਣਾ ਲਾਜ਼ਮੀ ਹੈ ਕਿ ਤੁਸੀਂ ਇਸ ਦੀ ਸਹੀ ਵਰਤੋਂ ਕਰ ਰਹੇ ਹੋ।

**ਨਿੱਜੀ ਸੁਰੱਖਿਆ ਉਪਕਰਨ ਦੀ ਵਰਤੋਂ ਕਰਦੇ ਸਮੇਂ, ਇਹ ਸਵਾਲ ਪੁੱਛੋ:**

- ਕੀ ਇਹ ਖ਼ਤਰੇ ਤੋਂ ਸੁਰੱਖਿਆ ਦੇਣ ਲਈ ਢੁੱਕਵਾਂ ਹੈ?
- ਕੀ ਇਹ ਠੀਕ ਤਰ੍ਹਾਂ ਫਿੱਟ ਆਉਂਦਾ ਹੈ?
- ਕੀ ਇਹ ਸਾਫ਼ ਅਤੇ ਠੀਕ ਹਾਲਤ ਵਿੱਚ ਹੈ?
- ਕੀ ਇਸ ਨੂੰ ਠੀਕ ਤਰੀਕੇ ਨਾਲ ਸੰਭਾਲ ਕੇ ਰੱਖਿਆ ਗਿਆ ਹੈ?

ਜੇਕਰ ਤੁਹਾਡਾ PPE ਆਰਾਮਦਾਇਕ ਨਹੀਂ ਹੈ, ਤੁਹਾਨੂੰ ਠੀਕ ਤਰ੍ਹਾਂ ਫਿੱਟ ਨਹੀਂ ਆਉਂਦਾ ਜਾਂ ਇਸ ਕਾਰਨ ਕੋਈ ਨੁਕਸਾਨਦਾਇਕ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡੇ ਰੁਜ਼ਗਾਰਦਾਤਾ ਲਈ ਇਸ ਸਮੱਸਿਆ ਨੂੰ ਹੱਲ ਕਰਨ ਵਿੱਚ ਤੁਹਾਡੀ ਮਦਦ ਕਰਨਾ ਲਾਜ਼ਮੀ ਹੈ।

ਹਵਾ ਵਿੱਚ ਮੌਜੂਦ ਪ੍ਰਦੂਸ਼ਕ ਤੱਤ, ਤੁਹਾਡੀ ਸਿਹਤ ਅਤੇ ਸੁਰੱਖਿਆ ਲਈ ਗੰਭੀਰ ਖ਼ਤਰਾ ਬਣ ਸਕਦੇ ਹਨ। ਰੁਜ਼ਗਾਰਦਾਤਾਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਰਮਚਾਰੀ ਅਤੇ ਕੰਮ ਵਾਲੀ ਥਾਂ 'ਤੇ ਮੌਜੂਦ ਹੋਰ ਲੋਕ ਹਵਾ ਵਿੱਚ ਮੌਜੂਦ ਪ੍ਰਦੂਸ਼ਕ ਤੱਤਾਂ ਦੇ ਉਸ ਪੱਧਰ ਦੇ ਸੰਪਰਕ ਵਿੱਚ ਨਾ ਆਉਣ ਜੋ ਕੰਮ ਵਾਲੀ ਥਾਂ 'ਤੇ ਹਾਨੀਕਾਰਕ ਪਦਾਰਥਾਂ ਦੇ ਸੰਪਰਕ ਦੀਆਂ ਸੀਮਾਵਾਂ ਤੋਂ ਵੱਧ ਹੋਵੇ।

WES » WEL

ਹੋਰ ਜਾਣਨ ਲਈ ਇਸ QR ਕੋਡ ਨੂੰ ਸਕੈਨ ਕਰੋ, ਜਾਂ **www.worksafe.wa.gov.au/airborne-contaminants** 'ਤੇ ਜਾਓ।

WSApr26_1584K